**ਦਫਤਰ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਬਟਾਲਾ।**

ਈ-ਮੇਲ:- eecdbatalapwdpb@gmail.com

---

ਸੇਵਾ ਵਿਖੇ

ਜਿਲ੍ਹਾ ਸਿੱਖਿਆ ਅਫਸਰ (ਸ),
ਗੁਰਦਾਸਪੁਰ।

ਨੰਬਰ: ਮਿਤੀ:

ਵਿਸ਼ਾ:- **Guru Har Rai Intelligent Treasure School, Shri Hargobindpur Sahib Road, Panj Graian, Tehsil Batala District Gurdaspur ਦਾ ਬਿਲਡਿੰਗ ਸੁਰੱਖਿਆ ਸਰਟੀਫਿਕੇਟ ਜਾਰੀ ਕਰਨ ਬਾਰੇ।**

ਹਵਾਲਾ :- ਆਪ ਦਾ ਪਿੱਠ ਅੰਕਣ ਨੰ.ਜੀ.3/2025/9352 ਮਿਤੀ:22.04.2025

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਵਿਸ਼ਾ ਅੰਕਿਤ ਸਕੂਲ ਦੀ ਇਮਾਰਤ ਦਾ ਨਿਰੀਖਣ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.1, ਬਟਾਲਾ ਵੱਲੋਂ ਕੀਤਾ ਗਿਆ ਹੈ ਅਤੇ ਹੇਠ ਲਿਖਿਆਂ ਸ਼ਰਤਾਂ ਅਨੁਸਾਰ ਮਿਤੀ:05.05.2025 ਤੋਂ ਮਿਤੀ:31.03.2027 ਤੱਕ ਬਿਲਡਿੰਗ ਸੁਰੱਖਿਆਂ ਸਰਟੀਫਿਕਟ ਜਾਰੀ ਕੀਤਾ ਜਾਂਦਾ ਹੈ।

ਸ਼ਰਤਾਂ:-
1) ਸਕੂਲ ਅਥਾਰਟੀ/ਮੈਨਜਮੈਂਟ ਦੀ ਇਹ ਨਿੱਜੀ ਜਿੰਮੇਂਵਾਰੀ ਹੋਵੇਗੀ ਕਿ ਉਹ ਸਕੂਲ ਦੀ ਇਮਾਰਤ ਦੀ ਲੋੜੀਂਦੀ ਸਲਾਨਾ ਮਰੁੰਮਤ ਅਤੇ ਦੇਖਭਾਲ ਕਰਨ ਦਾ ਪਾਬੰਧ ਹੋਵੇਗਾ ।
2) ਕੁਦਰਤੀ ਆਫਤ ਕਰਕੇ ਜਾਂ ਕਿਸੇ ਹੋਰ ਵੀ ਕਾਰਨ ਸਕੂਲ ਦੀ ਇਸ ਇਮਾਰਤ ਦੀਆਂ ਦੀਵਾਂਰਾਂ/ਸਲੈਬ ਆਦਿ ਵਿੱਚ ਕੋਈ ਕਰੈਕ/ਸੈਟਲਮੈਂਟ ਜਾਂ ਪਲਸਤਰ ਆਦਿ ਵਿੱਚ ਕਿਤੇ ਕੋਈ ਵੀ ਨੁਕਸ ਉਹਨਾਂ ਦੇ ਧਿਆਨ ਵਿੱਚ ਆਂਉਦਾ ਹੈ ਤਾਂ ਉਹ ਸਕੂਲ ਦੇ ਉਸ ਹਿੱਸੇ ਦੀ ਵਰਤੋਂ ਨਹੀ ਕਰਣਗੇ ਅਤੇ ਤਰੁੰਤ ਸਕੂਲ ਦੀ ਇਮਾਰਤ ਦਾ ਮੁੜ ਨਰੀਖਣ ਕਰਾਉਣ ਦੇ ਪਾਬੰਧ ਹੋਣਗੇ। ਇਸ ਤਰਾਂ ਨਾ ਕਰਨ ਤੇ ਜੇਕਰ ਕੋਈ ਅਣ-ਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਸਕੂਲ ਅਥਾਰਟੀ/ਮੈਨਜਮੈਂਟ ਉਸ ਲਈ ਜਿੰਮੇਂਵਾਰ ਹੋਣਗੇ।
3) ਸਕੂਲ ਦੇ ਬਾਹ ਜਾਂਦੀ ਸੜਕ ਉੱਪਰ ਪ੍ਰਾਪਤ ਸਕੂਲ ਸਾਈਨ ਬੋਰਡ ਅਤੇ ਜੈਬਰਾ ਕਰਾਸਿੰਗ ਸਕੂਲ ਅਧਿਕਾਰੀਆਂ/ਮੈਨੇਜਮੈਂਟ ਉਸ ਲਈ ਜ਼ਿੰਮੇਵਾਰ ਹੋਣਗੇ।
4) ਸਕੂਲ ਅਥਾਰਿਟੀ/ਮੈਨੇਜਮੈਂਟ ਵੱਲੋਂ ਹਰ ਸਾਲ ਫਾਈਰ ਸੇਫਟੀ ਸਰਟੀਫਿਕੇਟ ਸਬੰਧਿਤ ਵਿਭਾਗ ਪਾਸੋਂ ਪ੍ਰਾਪਤ ਕਰਕੇ ਇਸ ਦਫਤਰ ਵਿਖੇ ਜਮ੍ਹਾਂ ਕਰਵਾਇਆ ਜਾਵੇਗਾ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਹ ਐਨ.ਓ.ਸੀ. ਰੱਦ ਸਮਝਿਆ ਜਾਵੇਗਾ।
5) ਸਕੂਲ ਅਥਾਰਟੀ ਮੈਨਜਮੇਟ ਸਕੂਲ ਵਿੱਚ ਪੀਣ ਵਾਲੇ ਸਾਫ ਪਾਣੀ ਦੇ ਇੰਤਜਾਮ ਸਬੰਧੀ ਪਬਲਿਕ ਹੈਲਥ ਵਿਭਾਗ ਪਾਸੋਂ ਐਨ.ਓ.ਸੀ. ਲੈਣ ਦਾ ਪਾਬੰਧ ਹੋਵੇਗਾ।
6) ਸਕੂਲ ਬਿਲਡਿੰਗ ਸੁਰੱਖਿਆ ਸਬੰਧੀ ਮਾਣਯੋਗ ਅਦਾਲਤ/ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਸਕੂਲ ਅਥਾਰਟੀ/ਮੈਨਜਮੈਂਟ ਪਾਬੰਧ ਹੋਵੇਗੀ।
7) ਸਕੂਲ ਅਥਾਰਿਟੀ ਵੱਲੋਂ ਪੋਰਟੇਬਲ ਫਾਇਰ ਐਗਜੀਟਿੰਗ ਸਟੇਅਰਜ਼ ਪ੍ਰੋਵਾਈਡਿਡ ਕਰਵਾਉਣੀਆਂ ਯਕੀਨੀ ਬਣਾਇਆ ਜਾਣ।

-ਸ਼ੀ/-
ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,
ਬਟਾਲਾ।

ਪਿੱਠ ਅੰਕਣ ਨੰ. 873 ਮਿਤੀ: 12/5/2025

ਉਪਰੋਕਤ ਦਾ ਉਤਾਰਾ **Principal, Guru Har Rai Intelligent Treasure School, Shri Hargobindpur Sahib Road, Panj Graian, Tehsil Batala District Gurdaspur** ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,
ਬਟਾਲਾ।

ਪਿੱਠ ਅੰਕਣ ਨੰ. ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ:1, ਬਟਾਲਾ ਨੂੰ ਉਨਾਂ ਦੇ ਪੱਤਰ ਨੰ.172 ਮਿਤੀ:05.05.2025 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਥਾਰਟੀ ਵੱਲੋਂ ਲੋੜੀਂਦੀ ਫੀਸ ਸਿੱਧੇ ਬੈਂਕ ਰਾਹੀਂ ਜਮਾਂ ਕਰਵਾ ਦਿੱਤੀ ਗਈ ਹੈ ਇਸਦਾ ਇੰਦਰਾਜ ਕੈਸ਼ ਬੁੱਕ ਵਿੱਚ ਕਰਨਾ ਯਕੀਨੀ ਬਣਾਇਆ ਜਾਵੇ।

-ਸ਼ੀ/-
ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,
ਬਟਾਲਾ।

Scanned with OKEN Scanner